# ਖੇਤੀਬਾੜੀ ਵਿਭਾਗ, ਪੰਜਾਬ,

ਖੇਤੀ ਭਵਨ, ਫੇਜ਼-6, ਐਸ.ਏ.ਐਸ. ਨਗਰ।

ਫੋਨ ਨੰ: 0172-2970605


## ਸਾਲ 2016-17 ਦੌਰਾਨ ਰਾਜ ਵਿੱਚ ਕਿਸਾਨਾਂ ਨੂੰ ਖੇਤੀ ਸੰਦ/ਮਸ਼ੀਨਾਂ ਉਪਦਾਨ ਤੇ ਮੁਹੱਈਆ ਕਰਵਾਉਣ ਲਈ ਦਿਲਚਸਪੀ ਦੇ ਪ੍ਰਗਟਾਵੇ ਸਬੰਧੀ ਆਫਰਾਂ ਦੀ ਮੰਗ

ਖੇਤੀਬਾੜੀ ਵਿਭਾਗ ਵੱਲੋਂ ਰਾਜ ਵਿੱਚ ਖੇਤੀ ਮਸ਼ੀਨਰੀ/ਸੰਦ ਜਿਵੇਂ ਕਿ ਪਾਵਰ ਉਪਰੇਟਡ ਸਪਰੇਅਰ, ਬੈਟਰੀ/ਪਾਵਰ ਉਪਰੇਟਡ ਸਪਰੇਅਰ, ਪਾਵਰ ਵੀਡਰ, ਸੀਡ ਡਰਿਲ/ ਜੀਰੋ ਟਿਲ ਡਰਿਲ, ਡੀ.ਐਸ.ਆਰ ਡਰਿਲ-ਕਮ ਪਲਾਂਟਰ/ਜੀਰੋ ਟਿਲ ਮਲਟੀ ਕਰਾਪ ਪਲਾਂਟਰ, ਟਰੈਕਟਰ ਉਪਰੇਟਡ ਹਾਈਡਰੋਲਿਕ ਸਪਰੇਅਰ, ਰੇਜਡ ਬੈਡ ਪਲਾਟਰ/ ਰਿਜ ਪਲਾਂਟਰ, ਰੋਟਾਵੇਟਰ, ਲੇਜਰ ਲੈਂਡ ਲੈਵਲਰ, ਮਲਟੀ ਕਰਾਪ ਥਰੈਸ਼ਰ, ਮੇਜ ਸ਼ੈਲਰ, ਪੋਸਟ ਹੌਲਡ ਡਿਗਰ, ਐਰੋ ਬਲਾਸਟ ਸਪਰੇਅਰ (ਟਰੈਕਟਰ ਡਰਾਈਵਨ), ਸਬ ਸੁਆਇਲਰ, ਪਾਵਰ ਹੈਰੋ/ ਰੋਟਰੀ ਪਲਾਉ, ਹਾਈਡਰੋਲਿਕ ਪਲਾਉ/ ਐਮ.ਬੀ ਪਲਾਉ, ਹੈਪੀ ਸੀਡਰ ਅਤੇ ਆਰ.ਕੇ.ਵੀ.ਵਾਈ ਸਕੀਮ ਅਧੀਨ ਸੈਲਫ ਪਰੋਪੈਲਡ ਪੈਡੀ ਟਰਾਂਸਪਲਾਂਟਰ 6 ਰੋਅ ਅਤੇ 4 ਰੋਅ ਵੀਲ ਟਾਈਪ, ਪੈਡੀ ਟਰਾਂਸਪਲਾਂਟਰ (ਵਾਕ ਬੀਹਾਈਡ), ਸੈਮੀ ਆਟੋਮੈਟਿਕ/ ਆਟੋਮੈਟਿਕ ਪਟੈਟੋ ਪਲਾਂਟਰ, ਪਟੈਟੋ ਡਿਗਰ, ਕਾਟਨ ਸੀਡ ਡਰਿਲ/ ਪਲਾਂਟਰ, ਵਰਟੀਕਲ ਕੰਨਵੇਅਰ ਰੀਪਰ, ਸੁਗਰਕੇਨ ਟਰੈਚਰ, ਰਿਜਰ, ਸੁਗਰਕੇਨ ਤਰਫਾਲੀ, ਸੈਲਫ ਪ੍ਰੋਪੈਲਡ ਰੀਪਰ ਬਾਈਂਡਰ, ਸਿੰਗਲ ਰੋਅ ਫਾਡਰ ਹਰਵੈਸਟਰ, ਸੈਲਫ ਪ੍ਰੋਪੈਲਡ ਫਾਡਰ ਹੈਰਵੈਸਟਰ, ਫੋਰੇਜ ਚੋਪਰ ਕਮ ਲੋਡਰ, ਫੋਰੇਜ ਰੀਪਰ, ਪਾਵਰ ਵੀਡਰ, ਮਲਚਰ/ ਚੌਪਰ ਅਤੇ ਸੁਗਰਕੇਨ ਕਟਰ ਪਲਾਂਟਰ ਅਤੇ ਬੇਲਰ, ਰੇਕ, ਪੈਡੀ ਸਟਰਾਅ ਚੋਪਰ ਸਰੈਡਰ ਵੱਖ ਵੱਖ ਸਕੀਮਾਂ ਅਧੀਨ ਉਪਦਾਨ ਤੇ ਦਿੱਤੇ ਜਾਣੇ ਹਨ।

ਸਾਲ 2016-17 ਦੌਰਾਨ ਕਿਸਾਨਾਂ ਨੂੰ ਇਹ ਮਸ਼ੀਨਰੀ ਉਪਦਾਨ ਤੇ ਮੁਹੱਈਆ ਕਰਵਾਉਣ ਲਈ ਫਰਮਾਂ ਇਮਪੈਨਲ ਕਰਨ ਲਈ ਖੇਤੀ ਮਸ਼ੀਨਰੀ ਨਿਰਮਾਤਾਵਾਂ ਤੋਂ ਦਿਲਚਸਪੀ ਦੇ ਪ੍ਰਗਟਾਵਿਆਂ ਦੀਆਂ ਆਫਰਾਂ ਦੀ ਮੰਗ ਕੀਤੀ ਜਾਂਦੀ ਹੈ। ਕਿਸਾਨ ਕਿਸੇ ਵੀ ਇਮਪੈਨਲਡ ਫਰਮ ਤੋਂ ਇਹ ਖੇਤੀ ਮਸ਼ੀਨ/ ਸੰਦ ਵਿਭਾਗ ਵੱਲੋ ਪ੍ਰਵਾਨਿਤ ਕੀਤੇ ਰੇਟ ਅਤੇ ਟਰਮਜ਼ ਐਂਡ ਕੰਡੀਸਨਜ਼ ਅਨੁਸਾਰ ਖਰੀਦ ਸਕਦਾ ਹੈ।

ਕੇਵਲ ਉਹੀ ਖੇਤੀ ਮਸ਼ੀਨਰੀ/ ਸੰਦ ਅਪਰੂਵ ਕੀਤੇ ਜਾਣਗੇ, ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ:

I. ਖੇਤੀ ਸੰਦ/ ਮਸ਼ੀਨ ਵਿਭਾਗ ਵੱਲੋਂ ਦਿੱਤੀਆਂ ਤਕਨੀਕੀ ਸਪੈਸੀਫਿਕੇਸ਼ਨਾਂ ਅਨੁਸਾਰ ਹੋਣਾ ਚਾਹੀਦਾ ਹੈ। ਉਪਰੋਕਤ ਖੇਤੀ ਮਸ਼ੀਨਰੀ ਦੀਆਂ ਤਕਨੀਕੀ ਸਪੈਸੀਫਿਕੇਸ਼ਨਾਂ ਵਿਭਾਗ ਦੀ ਵੈਬਸਾਈਟ www.agripb.gov.in ਤੇ ਉਪਲਬਧ ਹਨ।

II. ਖੇਤੀ ਸੰਦ ਮਸ਼ੀਨ ਭਾਰਤ ਸਰਕਾਰ ਦੇ ਕਿਸੇ ਵੀ ਫਾਰਮ ਮਸ਼ੀਨਰੀ ਟ੍ਰੇਨਿੰਗ ਅਤੇ ਟੈਸਟਿੰਗ ਇੰਸਟੀਚਿਊਟ ਜਾਂ ਰਾਜ ਸਰਕਾਰ ਦੀ ਪ੍ਰਵਾਨਿਤ ਸੰਸਥਾ ਤੋਂ ਟੈਸਟ ਪਾਸ ਹੋਣਾ ਚਾਹੀਦਾ ਹੈ।

III. ਫਰਮ ਫਾਰਮਰ ਪੋਰਟਲ ( www.farmer.gov.in ) ਤੇ ਰਜਿਸਟਰ ਹੋਣੀ ਚਾਹੀਦੀ ਹੈ।

ਜੋ ਆਫਰਾਂ ਵਿਭਾਗ ਦੀਆਂ ਉਪਰੋਕਤ ਸਰਤਾਂ ਅਨੁਸਾਰ ਨਹੀਂ ਹੋਣਗੀਆਂ ਉਹ ਰੱਦ ਕਰ ਦਿੱਤੀਆਂ ਜਾਣਗੀਆਂ। ਸਮਰੱਥ ਅਥਾਰਟੀ ਕੋਈ ਵੀ ਆਫਰ ਪ੍ਰਵਾਨ/ਰੱਦ ਕਰ ਸਕਦਾ ਹੈ।

ਜਿਹੜੇ ਖੇਤੀ ਮਸ਼ੀਨਰੀ ਨਿਰਮਾਤਾ ਆਪਣੀ ਫਰਮ/ਸੰਦ ਇਮਪੈਨਲ ਕਰਵਾਉਣਾ ਚਹੁੰਦੇ ਹਨ ਉਹ ਹੇਠ ਲਿਖੇ ਪ੍ਰੋਫਾਰਮੇ ਵਿੱਚ ਸਬੰਧਤ ਦਸਤਾਵੇਜਾਂ ਦੇ ਨਾਲ ਹਰੇਕ ਸੰਦ ਲਈ ਵੱਖਰੇ ਤੌਰ ਤੇ ਆਪਣੇ ਬਿਨੈ ਪੱਤਰ ਮਿਤੀ: 15-11-2016 ਤੱਕ ਡਾਇਰੈਕਟਰ ਖੇਤੀਬਾੜੀ, ਪੰਜਾਬ, ਖੇਤੀ ਭਵਨ, ਫੇਜ-6, ਐਸ.ਏ.ਐਸ. ਨਗਰ ਨੂੰ ਪੁੱਜਦਾ ਕਰਨ।

| ਲੜੀ ਨੰ: | ਨਿਰਮਾਤਾ ਫਰਮ ਦਾ ਨਾਮ ਅਤੇ ਪਤਾ | ਮਸ਼ੀਨ ਦਾ ਨਾਮ ਅਤੇ ਵੇਰਵਾ | ਮਸ਼ੀਨ ਦਾ ਸਾਈਜ | ਸਾਲ 2016-17 ਲਈ ਆਫਰ ਕੀਤੇ ਰੇਟ | ਟੈਸਟਿੰਗ ਸੰਸਥਾ ਦਾ ਨਾਮ |
|---|---|---|---|---|---|
| | | | | | |

1. ਟੈਸਟ ਰਿਪੋਰਟ ਦੀ ਤਸਦੀਕ ਸੁਦਾ ਕਾਪੀ 2. ਫਰਮ ਵੱਲੋਂ ਸਵੈ ਘੋਸਣਾ ਪੱਤਰ 3. ਆਫਰ ਕੀਤੇ ਗਏ ਖੇਤੀ ਸੰਦ ਦੀ ਤਕਨੀਕੀ ਸਪੈਸੀਫਿਕੇਸ਼ਨ 4. ਖੇਤੀ ਸੰਦ/ ਮਸ਼ੀਨ ਦਾ ਰੇਟ (ਮਾਡਲ ਵਾਈਜ) 5. ਫਾਰਮਰ ਪੋਰਟਲ ਤੇ ਰਜਿਸਟ੍ਰੇਸ਼ਨ ਦਾ ਸਬੂਤ (ਪੋਰਟਲ ਤੇ ਰਜਿਸਟ੍ਰੇਸ਼ਨ ਦਾ ਪ੍ਰਿੰਟ ਆਊਟ) 6. ਪੈਨ ਨੰ:/ਟਿਨ ਨੰ: ਦੀ ਕਾਪੀ

ਨੋਟ:

ਖੇਤੀ ਨਿਰਮਾਤਾਵਾਂ ਵੱਲੋਂ ਹਰ ਸੰਦ ਲਈ ਵੱਖਰੇ ਤੌਰ ਤੇ ਬਿਨੈ ਪੱਤਰ ਦੇ ਲਿਫਾਫੇ ਤੇ ਫਰਮ ਦਾ ਨਾਮ ਅਤੇ ਸੰਦ ਦਾ ਨਾਮ ਵੱਡੇ ਅੱਖਰਾਂ ਵਿੱਚ ਲਿਖਿਆ ਹੋਣਾ ਚਾਹੀਦਾ ਹੈ।

ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ www.agripb.gov.in ਤੇ ਉਪਲਬਧ ਹੈ।